Total Pages : 3

# PC–10132/NK

**Q–2/2111**

ਸਾਹਿਤ ਆਲੋਚਨਾ ਦੇ ਸਿਧਾਂਤ–1

(ਭਾਰਤੀ ਕਾਵਿ ਸ਼ਾਸਤਰ ਤੇ ਪੰਜਾਬੀ ਆਲੋਚਨਾ)

(Paper–1020, PBIM 1102T)

(Semester–I)

(Regular & Distance Education)

Time : Three Hours] [Maximum Marks : 60

**ਨੋਟ** : ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹਨ। ਭਾਗ-ੳ ਵਿਚ ਦੋ ਪ੍ਰਸ਼ਨ ਪੁੱਛੇ ਗਏ ਹਨ, ਜਿਨ੍ਹਾਂ ਵਿਚੋਂ **ਇਕ** ਹੱਲ ਕਰਨਾ ਹੈ। ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ-ਅ ਦੇ ਤਿੰਨ ਭਾਗਾਂ ਵਿਚ ਦੋ-ਦੋ ਪ੍ਰਸ਼ਨ ਪੁੱਛੇ ਗਏ ਹਨ, ਜਿਨ੍ਹਾਂ ਵਿਚੋਂ **ਇਕ-ਇਕ** ਪ੍ਰਸ਼ਨ ਕਰਨੇ ਹਨ। ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ-ੲ ਵਿਚ ਸੰਖੇਪ ਉੱਤਰਾਂ ਵਾਲੇ 12 ਪ੍ਰਸ਼ਨ ਪੁੱਛੇ ਗਏ ਹਨ, ਜਿਨ੍ਹਾਂ ਦਾ ਉੱਤਰ 5-6 ਸਤਰਾਂ ਵਿਚ ਦੇਣਾ ਹੈ। ਹਰ ਪ੍ਰਸ਼ਨ ਦੇ 2 ਅੰਕ ਹਨ।

## ਭਾਗ-ੳ

I. ਭਾਰਤੀ ਕਾਵਿ ਸ਼ਾਸਤਰ ਅਨੁਸਾਰ 'ਕਾਵਿ ਹੇਤੂਆਂ' ਸਬੰਧੀ ਚਰਚਾ ਕਰੋ। 9

II. ਭਾਰਤੀ ਕਾਵਿ ਸ਼ਾਸਤਰ ਵਿਚ ਕਿੰਨੇ 'ਕਾਵਿ-ਗਤ' ਦੋਸ਼ਾਂ ਦੀ ਚਰਚਾ ਹੋਈ ਹੈ? 9

## ਭਾਗ–ਅ (I)

III. ਸਧਾਰਨੀਕਰਨ ਦੇ ਸਿਧਾਂਤ ਸਬੰਧੀ ਵਿਸਥਾਰ ਸਹਿਤ ਚਰਚਾ ਕਰੋ। 9

IV. ਵਕ੍ਰੋਕਤੀ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੇ ਵਿਭਿੰਨ ਭੇਦਾਂ ਦੀ ਚਰਚਾ ਕਰੋ। 9

## ਭਾਗ–ਅ (II)

V. 'ਧੁਨੀ' ਦਾ ਕਾਵਿ ਦੇ ਦੂਜੇ ਪ੍ਰਮੁੱਖ ਤੱਤਾਂ ਨਾਲ ਕੀ ਸਬੰਧ ਹੈ? ਚਰਚਾ ਕਰੋ। 9

VI. 'ਰੀਤੀ' ਸਿਧਾਂਤ ਦੀ ਵਿਆਖਿਆ ਕਰੋ। 9

## ਭਾਗ–ਅ (III)

VII. ਬਾਵਾ ਬੁੱਧ ਸਿੰਘ ਦੀ ਆਲੋਚਨਾ ਪ੍ਰਣਾਲੀ ਸਬੰਧੀ ਚਰਚਾ ਕਰੋ। 9

VIII. ਸੰਤ ਸਿੰਘ ਸੇਖੋਂ ਦੀਆਂ 'ਗੁਰਬਾਣੀ' ਅਤੇ 'ਲੋਕ ਸਾਹਿਤ' ਸਬੰਧੀ ਧਾਰਨਾਵਾਂ ਦੀ ਚਰਚਾ ਕਰਦੇ ਹੋਏ ਆਪਣਾ ਦ੍ਰਿਸ਼ਟੀਕੋਣ ਦਿਓ। 9

## ਭਾਗ–ੲ

IX. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5-6 ਸਤਰਾਂ ਵਿਚ ਦਿਓ :

1. ਕਾਵਿ ਪ੍ਰਯੋਜਨ ਤੋਂ ਕੀ ਭਾਵ ਹੈ?
2. ਅਚਾਰੀਆ ਵਿਸ਼ਵਨਾਥ ਅਨੁਸਾਰ ਕਾਵਿ ਦੇ ਕਿਹੜੇ ਭੇਦ ਹਨ?
3. 'ਅਲੰਕਾਰ' ਕੀ ਹੁੰਦਾ ਹੈ?

4. ਔਚਿਤ ਸਿਧਾਂਤ ਕਿਸ ਅਚਾਰੀਆ ਨੇ ਕਿਹੜੀ ਪੁਸਤਕ ਵਿਚ ਦਿੱਤਾ?

5. 'ਅਭਿਧਾ' ਸ਼ਬਦ ਸ਼ਕਤੀ ਦੀ ਪਰਿਭਾਸ਼ਾ ਦਿਓ।

6. 'ਵਿਭਾਵ' ਦੀ ਪਰਿਭਾਸ਼ਾ ਦਿਓ।

7. ਡਾ. ਅਤਰ ਸਿੰਘ ਦੀਆਂ ਪੁਸਤਕਾਂ ਦੇ ਨਾਂ ਲਿਖੋ।

8. 'ਹਾਸ ਰਸ' ਦੀ ਪਰਿਭਾਸ਼ਾ ਅਤੇ ਉਦਾਹਰਣ ਦਿਓ।

9. ਸੰਤ ਸਿੰਘ ਸੇਖੋਂ ਦੀਆਂ ਪੁਸਤਕਾਂ ਦੇ ਨਾਂ ਲਿਖੋ।

10. 'ਨਾਟਯ ਸ਼ਾਸਤਰ' ਕਿਸ ਦੀ ਰਚਨਾ ਹੈ?

11. 'ਮਾਨਵੀਕਰਨ' ਕੀ ਹੁੰਦਾ ਹੈ?

12. ਭਾਰਤੀ ਕਾਵਿ ਸ਼ਾਸਤਰ ਅਨੁਸਾਰ ਰਸ ਕੀ ਹੈ?

$12 \times 2 = 24$

---